ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ ( ਸੈ.ਸਿ). ਪੰਜਾਬ

ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ. ਨਗਰ

( ਗ੍ਰਾਂਟ-ਕਮ-ਪੈਨਸ਼ਨ 2 ਸ਼ਾਖਾ )

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਸੈ.ਸਿ/ ਐ.ਸਿ ਪੰਜਾਬ ।

ਮੀਮੋ ਨੰ: 4/2-2020 ਗ੍ਰਾਂਟ ਪੈਨ-2 (1)

ਮਿਤੀ :- 13-3-2020

ਵਿਸ਼ਾ :- ਗੈਰ ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿਰੁੱਧ ਕਿਤਾਬਾਂ ਵਰਦੀਆਂ ਅਤੇ ਫੀਸਾਂ ਸਬੰਧੀ ਪ੍ਰਾਪਤ ਹੋ ਰਹੀਆਂ ਸ਼ਿਕਾਇਤਾਂ ਬਾਰੇ ।

ਗੈਰ ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿਰੁੱਧ ਬਹੁਤ ਸਾਰੀ ਸ਼ਿਕਾਇਤਾਂ ਕਿਤਾਬਾਂ ਵਰਦੀਆਂ ਅਤੇ ਫੀਸਾਂ ਸਬੰਧੀ ਵਿਭਾਗ ਨੂੰ ਪ੍ਰਾਪਤ ਹੋ ਰਹੀਆਂ ਹਨ ।

ਇਸ ਦੇ ਸਬੰਧ ਵਿਚ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ "The Punjab Regulation of Fee Of Unaided Educational Institutions Bill, 2016" ਅਤੇ "The Punjab Regulation of Fee Of Unaided Educational Institutions ( Amendment) Bill,2019" ਦੀ ਲਗਾਤਾਰਤਾ ਵਿਚ ਹੇਠ ਲਿਖੀਆਂ ਤਜਵੀਜ਼ਾਂ ਹਨ :-

1.0 ਗੈਰ ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਦੀ ਫੀਸ ਦੇ ਨਿਯੰਤਰਣ ਲਈ ਇੱਕ ਰੈਗੂਲੇਟਰੀ ਬਾਡੀ ਜਿਸ ਦੀ ਸਰੰਚਨਾ ਪਹਿਲਾ ਡਵੀਜ਼ਨ ਪੱਧਰ ਤੇ ਸੀ । ਹੁਣ ਇਸ ਨੂੰ ਬਦਲ ਕੇ ਪੰਜਾਬ ਰਾਜ ਵਿੱਚ ਜ਼ਿਲ੍ਹਾ ਪੱਧਰ ਤੇ ਕੀਤੀ ਗਈ ਹੈ । ਅਜਿਹੀਆ ਫੀਸ ਜਾਂ ਫੰਡ ਜੋ ਕਿ ਇਨਾਂ ਸੰਸਥਾਵਾਂ ਦੁਆਰਾ ਵਸੂਲਣ ਯੋਗ ਹੋਣ . ਇਨਾ ਫੀਸਾ ਜਾ ਫੰਡ ਵਿਚ ਤਜਵੀਜ਼ਤ ਵਾਧੇ ਬਾਰੇ ਰੈਗੂਲੇਟਰੀ ਬਾਡੀ ਦੇ ਸਨਮੁੱਖ ਕੋਈ ਵੀ ਸ਼ਿਕਾਇਤ ਕੀਤੀ ਜਾ ਸਕੇਗੀ । ਉਕਤ ਬਾਡੀ ਇਸ ਤਰਾਂ ਦੀ ਸ਼ਿਕਾਇਤਾਂ ਦਾ ਐਕਟ ਦੀ ਵਿਵਸਥਾਵਾਂ ਅਨੁਸਾਰ ਨਿਪਟਾਰਾ ਕਰੇਗੀ ।

2.0 ਇਹਨਾ ਸੰਸਥਾਵਾਂ ਵਿਚੋ ਪੜ੍ਹ ਰਹੇ ਵਿਦਿਆਰਥੀਆਂ ਦੀ ਪੜਾਈ ਦੌਰਾਨ ਉਹਨਾ ਦੇ ਪਿਤਾ/ਕਮਾਊ ਮੈਂਬਰ ਦੀ ਮੌਤ ਹੋ ਜਾਣ ਤੇ ਫੀਸ ਜਾ ਫੰਡ ਦੀ ਅਦਾਇਗੀ ਨਾ ਹੋਣ ਦੀ ਸੂਰਤ ਵਿਚ ਉਨਾਂ ਨੂੰ ਸਕੂਲ ਛੱਡਣ ਲਈ ਮਜਬੂਰ ਨਹੀ ਕੀਤਾ ਜਾ ਸਕੇਗਾ । ਅਜਿਹੇ ਵਿਦਿਆਰਥੀਆ ਦੀ ਉਸ ਸੰਸਥਾ ਵਿਚੋ ਉਨਾ ਦੀ ਪੜਾਈ ਮੁਕੰਮਲ ਹੋਣ ਤੱਕ ਕੋਈ ਵੀ ਫੀਸ ਵਸੂਲੀ ਨਹੀ ਜਾ ਸਕੇਗੀ ।

3.0 ਗੈਰ ਸਹਾਇਤਾ ਪ੍ਰਾਪਤ ਪ੍ਰਾਇਵੇਟ ਸਕੂਲਾਂ ਦੀਆ ਮੈਨੇਜਮੈਂਟਾ ਸਬੰਧਤ ਬੋਰਡ ਤੇ ਪ੍ਰਵਾਨਤ ਸਲੇਬਸ ਮੁਤਾਬਕ ਪ੍ਰਵਾਨਤ ਕਿਤਾਬਾਂ ਹੀ ਵਿਦਿਆਰਥੀਆਂ ਨੂੰ ਲਗਾਉਣ ਗਏ । ਇਹਨਾ ਕਿਤਾਬਾ ਦੀ ਸੂਚੀ ਨਵਾ ਸੈਸ਼ਨ ਸ਼ੁਰੂ ਹੋਣ ਤੋ ਪਹਿਲਾ E-Punjab Portal ਜਾਂ ਸਕੂਲ ਦੀ ਵੈਬਸਾਇਟ ਤੇ ਅਪਲੋਡ ਕਰਨਗੇ ਅਤੇ ਸੰਸਥਾਵਾ ਵਲੋ ਇਨਾ ਕਿਤਾਬਾ ਦੀ ਸੂਚੀ ਢੁਕਵੇਂ ( ਸੂਚਨਾ ਬੋਰਡ ਆਦਿ) ਥਾਵਾ ਤੇ ਪ੍ਰਦਰਸ਼ਿਤ ਕਰਣਗੇ । ਇਹਨਾ ਕਿਤਾਬਾ ਨੂੰ Parents/Guardian ਨੂੰ ਕਿਸੇ ਵੀ ਦੁਕਾਨ ਤੋ ਖਰੀਦਣ ਦੀ ਖੁੱਲ ਹੋਵੇਗੀ ।

4.0 ਗੈਰ ਸਹਾਇਤਾ ਪ੍ਰਾਪਤ ਪ੍ਰਾਇਵੇਟ ਸਕੂਲਾ ਵਿਚ ਵਰਦੀਆ ਦੇ ਰੰਗ ਅਤੇ ਡਿਜ਼ਾਇਨ ਜੋ ਇੱਕ ਵਾਰ ਨਿਰਧਾਰਤ ਕੀਤੇ ਜਾਂਦੇ ਹਨ ਦੇ ਵਿਚ ਘੱਟ ਤੋ ਘੱਟ ਅਗਲੇ 2 ਸਾਲਾਂ ਵਿਚ ਕੋਈ ਬਦਲਾਅ ਨਹੀ ਕੀਤਾ ਜਾਵੇਗਾ ਅਤੇ ਵਰਦੀਆ Parents/Guardian ਨੂੰ ਕਿਸੇ ਵੀ ਦੁਕਾਨ/ਥਾ ਤੋ ਖਰੀਦਣ ਦੀ ਖੁੱਲ ਹੋਵੇਗੀ।

ਪੰਜਾਬ ਰਾਜ ਦੇ ਗੈਰ ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾ ਦੀਆ ਫੀਸਾ/ਵਰਦੀਆ/ਕਿਤਾਬਾ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾ ਇਸ ਦਾ ਨਿਪਟਾਰਾ ਫੀਸ ਪੰਜਾਬ ਰੈਗੂਲੇਸ਼ਨ ਐਕਟ 2016 ਅਤੇ ਫੀਸ ਰੈਗੂਲੇਟਰੀ ਸੋਧਿਆ ਐਕਟ 2019 ਅਤੇ ਹੋਰ ਲਾਗੂ ਕਾਨੂੰਨਾ ਅਨੁਸਾਰ ਕੀਤਾ ਜਾਵੇ ।

ਕਿਸੇ ਕਿਸਮ ਦੀ ਅਣਗਿਹਲੀ ਅਤੇ ਉਲੰਘਣਾ ਕਰਨ ਵਾਲੇ ਸਕੂਲ ਦੀ ਨਿਯਮਾਂ ਅਨੁਸਾਰ ਐਨ.ਓ.ਸੀ / ਮਾਨਤਾ ਰੱਦ ਕਰ ਦਿੱਤੀ ਜਾਵੇਗੀ । ਇਸ ਐਕਟ ਦੀ ਇਨ-ਬਿਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

Scanned by CamScanner